Bowel cancer:

Punjabi

# ਅੰਤੜੀ ਦਾ ਕੈਂਸਰ

ਇਹ ਜਾਣਕਾਰੀ ਅੰਤੜੀ ਦੇ ਕੈਂਸਰ ਬਾਰੇ ਅਤੇ ਅੰਤੜੀ ਦੇ ਕੈਸ਼ਰ ਲਈ ਇਲਾਜਾਂ ਬਾਰੇ ਹੈ।

ਕੋਈ ਵੀ ਅਜਿਹੇ ਸ਼ਬਦ ਜਿਨ੍ਹਾਂ ਦੇ ਹੇਠਾਂ ਲਕੀਰ ਪਈ ਹੋਈ ਹੈ, ਇਨ੍ਹਾਂ ਦੀ ਵਿਆਖਿਆ ਅੰਤ ਤੇ ਸ਼ਬਦ ਸੂਚੀ ਵਿੱਚ ਕੀਤੀ ਗਈ ਹੈ। ਸ਼ਬਦ ਸੂਚੀ ਵਿੱਚ ਅੰਗ੍ਰੇਜ਼ੀ ਵਿੱਚ ਸ਼ਬਦਾਂ ਦਾ ਉਚਾਰਨ ਵੀ ਸ਼ਾਮਲ ਹੈ।

ਜੇ ਇਸ ਜਾਣਕਾਰੀ ਨੂੰ ਲੈ ਕੇ ਤੁਹਾਡੇ ਕੋਈ ਸਵਾਲ ਹਨ, ਤਾਂ ਆਪਣਾ ਇਲਾਜ ਕਰਾ ਰਹੇ ਹਸਪਤਾਲ ਵਿੱਚ ਆਪਣੇ ਡਾਕਟਰ ਜਾਂ ਨਰਸ ਨੂੰ ਪੁੱਛੋ।

ਤੁਸੀਂ ਮੈਕਮਿਲਨ ਕੈਂਸਰ ਸੁਪੋਰਟ (Macmillan Cancer Support) ਨੂੰ ਹਫ਼ਤੇ ਦੇ 7 ਦਿਨ, ਸਵੇਰੇ 8 ਵਜੇ ਤੋਂ ਰਾਤ 8 ਵਜੇ ਤਕ ਮੁਫ਼ਤ-ਫੋਨ **0808 808 00 00**ਤੇ ਕਾਲ ਵੀ ਕਰ ਸਕਦੇ ਹੋ। ਸਾਡੇ ਕੋਲ ਦੁਭਾਸ਼ੀਏ ਹਨ, ਇਸਲਈ ਤੁਸੀਂ ਸਾਡੇ ਨਾਲ ਆਪਣੀ ਖੁਦ ਦੀ ਭਾਸ਼ਾ ਵਿੱਚ ਗੱਲ ਕਰ ਸਕਦੇ ਹੋ। ਜਦੋਂ ਤੁਸੀਂ ਸਾਨੂੰ ਕਾਲ ਕਰੋ, ਕਿਰਪਾ ਕਰਕੇ ਸਾਨੂੰ ਅੰਗ੍ਰੇਜ਼ੀ ਵਿੱਚ ਦੱਸੋ ਕਿ ਤੁਹਾਨੂੰ ਕਿਸ ਭਾਸ਼ਾ ਦੀ ਲੋੜ ਹੈ (ਕਹੋ “ਪੰਜਾਬੀ”)।

ਕੈਂਸਰ ਬਾਰੇ ਪੰਜਾਬੀ ਵਿੱਚ ਇਸ ਵੈਬਸਾਈਟ **macmillan.org.uk/translations** ਤੇ ਹੋਰ ਜਾਣਕਾਰੀ ਉਪਲਬਧ ਹੈ

## ਇਸ ਜਾਣਕਾਰੀ ਨਿਮਨਲਿਖਤ ਬਾਰੇ ਹੈ:

- ਅੰਤੜੀ
- ਅੰਤੜੀ ਦਾ ਕੈਂਸਰ
- ਇਲਾਜ ਦੀ ਯੋਜਨਾ ਕਿਵੇਂ ਬਣਾਈ ਜਾਂਦੀ ਹੈ
- ਤੁਹਾਡੀ ਸਿਹਤ-ਦੇਖਭਾਲ ਟੀਮ ਦੇ ਨਾਲ ਗੱਲ ਕਰਨਾ
- ਆਪਣੇ ਇਲਾਜ ਬਾਰੇ ਪੁੱਛਣ ਲਈ ਸਵਾਲ
- ਅੰਤੜੀ ਦੇ ਕੈਂਸਰ ਲਈ ਇਲਾਜ
- ਤੁਹਾਡੇ ਇਲਾਜ ਦੇ ਸੰਭਾਵੀ ਮਾੜੇ ਪ੍ਰਭਾਵ
- ਫੋੱਲੋ-ਅਪ (ਅੱਗੇ ਦੀ ਕਾਰਵਾਈ)
- ਤੁਹਾਡੀਆਂ ਭਾਵਨਾਵਾਂ
- ਮੈਕਮਿਲਨ (Macmillan) ਕਿਵੇਂ ਤੁਹਾਡੀ ਮਦਦ ਕਰ ਸਕਦੀ ਹੈ
- ਸ਼ਬਦ ਸੂਚੀ
- ਪੰਜਾਬੀ ਵਿੱਚ ਵਧੇਰੇ ਜਾਣਕਾਰੀ
- ਹਵਾਲੇ ਅਤੇ ਧੰਨਵਾਦ

## ਅੰਤੜੀ

ਅੰਤੜੀ, ਪਾਚਨ ਪ੍ਰਣਾਲੀ ਦਾ ਹਿੱਸਾ ਹੈ। ਪਾਚਨ ਪ੍ਰਣਾਲੀ ਭੋਜਨ ਨੂੰ ਵਿਭਾਜਿਤ ਕਰਦੀ ਅਤੇ ਸੋਖ ਲੈਂਦੀ ਹੈ ਤਾਂ ਜੋ ਸਰੀਰ ਇਸਨੂੰ ਵਰਤ ਸਕੇ। ਇਸਦੇ ਦੋ ਭਾਗ ਹਨ, ਛੋਟੀ ਅੰਤੜੀ ਅਤੇ ਵੱਡੀ ਅੰਤੜੀ।

ਵੱਡੀ ਅੰਤੜੀ ਦੇ ਤਿੰਨ ਹਿੱਸੇ ਹਨ। ਇਹ ਇਸ ਪ੍ਰਕਾਰ ਹਨ:

- ਕੋਲਨ (ਵੱਡੀ ਅੰਤੜੀ ਦਾ ਹੇਠਲਾ ਹਿੱਸਾ)
- ਰੈਕਟਮ (ਵੱਡੀ ਅੰਤੜੀ ਦਾ ਸਿਰਾ ਜੋ ਗੁਦਾ ਵਿੱਚ ਖੁਲ੍ਹਦਾ ਹੈ)
- ਐਨਸ (ਮਲ ਦੁਆਰ)।

**ਅੰਤੜੀ**




## ਅੰਤੜੀ ਦਾ ਕੈਂਸਰ

ਸਰੀਰ ਦੇ ਸਾਰੇ ਹਿੱਸੇ ਛੋਟੀਆਂ ਕੋਸ਼ਿਕਾਵਾਂ ਦੇ ਨਾਲ ਬਣੇ ਹੁੰਦੇ ਹਨ। ਅੰਤੜੀ ਦਾ ਕੈਂਸਰ ਉਦੋਂ ਹੁੰਦਾ ਹੈ ਜਦੋਂ ਅੰਤੜੀ ਦੀਆਂ ਕੋਸ਼ਿਕਾਵਾਂ ਬੇਕਾਬੂ ਤਰੀਕੇ ਨਾਲ ਵਿਕਸਤ ਹੋ ਕੇ ਟਿਊਮਰ (ਮੁੱਢਲਾ ਕੈਂਸਰ) ਨਾਮਕ ਇੱਕ ਗੰਢ ਦਾ ਰੂਪ ਲੈ ਲੈਂਦੀਆਂ ਹਨ।

ਕੈਂਸਰ, ਅੰਤੜੀ ਦੇ ਵੱਖ-ਵੱਖ ਹਿੱਸਿਆਂ ਨੂੰ ਪ੍ਰਭਾਵਿਤ ਕਰ ਸਕਦਾ ਹੈ। ਵੱਡੀ ਅੰਤੜੀ ਦੇ ਕੈਂਸਰ ਦੀਆਂ ਦੋ ਮੁੱਖ ਕਿਸਮਾਂ ਇਸ ਪ੍ਰਕਾਰ ਹਨ:

- ਕੋਲਨ ਕੈਂਸਰ
- ਰੈਕਟਲ ਕੈਂਸਰ।

ਵੱਡੀ ਅੰਤੜੀ ਦੇ ਕੈਂਸਰ ਨੂੰ ਕੋਲੋਰੈਕਟਲ ਕੈਂਸਰ ਵੀ ਕਿਹਾ ਜਾਂਦਾ ਹੈ। ਛੋਟੀ ਅੰਤੜੀ ਦੇ ਕੈਂਸਰ ਅਤੇ ਐਨਸ ਦੇ ਕੈਂਸਰ ਬਹੁਤ ਹੀ ਘੱਟ ਹੁੰਦੇ ਹਨ। ਸਾਡੇ ਕੋਲ ਇਨ੍ਹਾਂ ਕੈਂਸਰਾਂ ਬਾਰੇ ਜਾਣਕਾਰੀ ਅੰਗ੍ਰੇਜ਼ੀ ਵਿੱਚ ਉਪਲਬਧ ਹੈ।

ਕਈ ਵਾਰ, ਕੈਂਸਰ ਕੋਸ਼ਿਕਾਵਾਂ ਖੂਨ ਅਤੇ ਲਿੰਫੈਟਿਕ ਸਿਸਟਮ ਰਾਹੀਂ ਲੰਘ ਕੇ ਸਰੀਰ ਦੇ ਦੂਜੇ ਹਿੱਸਿਆਂ ਵਿੱਚ ਫੈਲ ਜਾਂਦੀਆਂ ਹਨ। ਇਸਨੂੰ ਸੈਕੰਡਰੀ (ਗੌਣ) ਕੈਂਸਰ ਕਿਹਾ ਜਾਂਦਾ ਹੈ।

ਅੰਤੜੀ ਦਾ ਕੈਂਸਰ ਸੰਕ੍ਰਾਮਕ ਨਹੀਂ ਹੁੰਦਾ ਅਤੇ ਦੂਜੇ ਲੋਕਾਂ ਤਕ ਨਹੀਂ ਫੈਲਦਾ ਹੈ।

**ਅੰਤੜੀ ਕੈਂਸਰ ਦੇ ਪੜਾਅ ਅਤੇ ਗ੍ਰੇਡ**

- ਕੈਂਸਰ ਦੇ ਪੜਾਅ ਤੋਂ ਮਤਲਬ ਹੈ ਕਿ ਇਹ ਕਿੰਨਾ ਵੱਡਾ ਹੈ ਅਤੇ ਇਹ ਫੈਲ ਗਿਆ ਹੈ ਜਾਂ ਨਹੀਂ।
- ਕੈਂਸਰ ਦੇ ਗ੍ਰੇਡ ਤੋਂ ਭਾਵ ਹੈ ਕਿ ਕੈਂਸਰ ਕਿੰਨੀ ਤੇਜ਼ੀ ਨਾਲ ਵੱਧ ਸਕਦਾ ਹੈ।

## ਇਲਾਜ ਦੀ ਯੋਜਨਾ ਕਿਵੇਂ ਬਣਾਈ ਜਾਂਦੀ ਹੈ

ਤੁਹਾਡੀ ਸਿਹਤ-ਦੇਖਭਾਲ ਟੀਮ ਤੁਹਾਡੇ ਲਈ ਸਭ ਤੋਂ ਵਧੀਆ ਇਲਾਜ ਦੀ ਯੋਜਨਾ ਬਣਾਉਣ ਲਈ ਮੀਟਿੰਗ ਕਰੇਗੀ। ਇਸ ਮੁਲਾਕਾਤ ਤੇ, ਤੁਹਾਡਾ ਡਾਕਟਰ ਜਾਂ ਨਰਸ ਤੁਹਾਡੇ ਨਾਲ ਹੇਠ ਦਿੱਤਿਆਂ ਬਾਰੇ ਗੱਲ ਕਰਣਗੇ:

- ਕੈਂਸਰ ਦੇ ਪੜਾਅ ਅਤੇ ਗ੍ਰੇਡ
- ਤੁਹਾਡੀ ਸਧਾਰਨ ਸਿਹਤ
- ਇਲਾਜ ਅਤੇ ਸੰਭਾਵੀ ਮਾੜੇ ਪ੍ਰਭਾਵ
- ਤੁਸੀਂ ਉਪਲਬਧ ਇਲਾਜਾਂ ਬਾਰੇ ਕੀ ਸੋਚਦੇ ਹੋ।

## ਤੁਹਾਡੀ ਸਿਹਤ-ਦੇਖਭਾਲ ਟੀਮ ਦੇ ਨਾਲ ਗੱਲ ਕਰਨਾ

ਇਹ ਬਹੁਤ ਜ਼ਰੂਰੀ ਹੁੰਦਾ ਹੈ ਕਿ ਤੁਸੀਂ ਕਿਸੇ ਵੀ ਇਲਾਜ ਬਾਰੇ ਆਪਣੇ ਡਾਕਟਰ ਨਾਲ ਗੱਲ ਕਰੋ, ਤਾਂ ਜੋ ਤੁਸੀਂ ਸਮਝ ਸਕੋ ਕਿ ਇਸਦਾ ਕੀ ਮਤਲਬ ਹੈ। ਤੁਹਾਡੇ ਨਾਲ ਗੱਲ ਕਰਨ ਤੋਂ ਬਾਅਦ, ਤੁਹਾਡਾ ਡਾਕਟਰ ਇਹ ਦਿਖਾਉਣ ਲਈ ਤੁਹਾਨੂੰ ਇੱਕ ਫਾਰਮ ਦੇ ਹਸਤਾਖਰ ਕਰਨ ਲਈ ਕਹੇਗਾ ਕਿ ਤੁਸੀਂ ਇਲਾਜ ਨੂੰ ਸਮਝਦੇ ਹੋ ਅਤੇ ਇਸਲਈ ਸਹਿਮਤ ਹੋਏ ਹੋ। ਇਸਨੂੰ ਸਹਿਮਤੀ ਦੇਣਾ ਕਿਹਾ ਜਾਂਦਾ ਹੈ। ਤੁਹਾਨੂੰ ਉਦੋਂ ਤਕ ਇਲਾਜ ਪ੍ਰਦਾਨ ਨਹੀਂ ਕੀਤਾ ਜਾਏਗਾ ਜਦੋਂ ਤਕ ਤੁਸੀਂ ਇਸਲਈ ਸਹਿਮਤ ਨਹੀਂ ਹੁੰਦੇ ਹੋ।

ਆਪਣੇ ਨਾਲ ਉਸ ਵਿਅਕਤੀ ਨੂੰ ਲੈ ਜਾਣਾ ਇੱਕ ਚੰਗਾ ਵਿਚਾਰ ਹੈ ਜੋ ਪੰਜਾਬੀ ਅਤੇ ਅੰਗ੍ਰੇਜ਼ੀ ਦੋਹਾਂ ਵਿੱਚ ਗੱਲ ਕਰ ਸਕਦਾ ਹੋਵੇ। ਜਾਂ ਫਿਰ ਹਸਪਤਾਲ ਵੀ ਤੁਹਾਡੇ ਲਈ ਦੁਭਾਸ਼ੀਏ ਦੀ ਵਿਵਸਥਾ ਕਰ ਸਕਦਾ ਹੈ। ਆਪਣੀ ਨਰਸ ਨੂੰ ਦੱਸੋ ਜੇ ਤੁਹਾਨੂੰ ਇਸਦੀ ਲੋੜ ਹੈ।

## ਆਪਣੇ ਇਲਾਜ ਬਾਰੇ ਪੁੱਛਣ ਲਈ ਸਵਾਲ

- ਮੇਰੀ ਰੋਗ-ਪਛਾਣ ਦਾ ਕੀ ਮਤਲਬ ਹੈ?
- ਕੈਂਸਰ ਦੇ ਪੜਾਅ ਅਤੇ ਗ੍ਰੇਡ ਦਾ ਕੀ ਮਤਲਬ ਹੈ?
- ਕਿਹੜੇ ਇਲਾਜ ਉਪਲਬਧ ਹਨ?
- ਹਰੇਕ ਇਲਾਜ ਦੇ ਕੀ ਲਾਭ, ਜੋਖਮ ਅਤੇ ਮਾੜੇ ਪ੍ਰਭਾਵ ਹਨ?
- ਇਲਾਜ ਦਾ ਮੇਰੇ ਦੈਨਿਕ ਜੀਵਨ ਉੱਤੇ ਕੀ ਅਸਰ ਪਏਗਾ?
- ਮੈਂ ਕਿਵੇਂ ਮਹਿਸੂਸ ਕਰ ਰਿਹਾ/ਰਹੀ ਹਾਂ ਇਸ ਬਾਰੇ ਮੈਂ ਕਿਸਦੇ ਨਾਲ ਗੱਲ ਕਰ ਸਕਦਾ/ਦੀ ਹਾਂ?

ਕੈਂਸਰ ਦੇ ਨਾਲ ਰੋਗ-ਪਛਾਣ ਹੋਣ ਬਾਰੇ ਸਾਡੇ ਕੋਲ ਤੁਹਾਡੀ ਭਾਸ਼ਾ ਵਿੱਚ ਵਧੇਰੇ ਜਾਣਕਾਰੀ ਉਪਲਬਧ ਹੈ।

# ਅੰਤੜੀ ਦੇ ਕੈਂਸਰ ਲਈ ਇਲਾਜ

ਅੰਤੜੀ ਦੇ ਕੈਂਸਰ ਲਈ ਇਲਾਜਾਂ ਵਿੱਚ ਇਹ ਸ਼ਾਮਲ ਹਨ:

- ਆਪਰੇਸ਼ਨ (ਸਰਜਰੀ)
- ਦਵਾਈਆਂ (ਕੀਮੋਥੈਰੇਪੀ ਜਾਂ ਨਿਯਤ ਥੈਰੇਪੀ)
- ਰੇਡੀਓਥੈਰੇਪੀ

ਬਹੁਤੇ ਲੋਕ ਦੇ ਇੱਕ ਤੋਂ ਵਧ ਕਿਸਮ ਦੇ ਇਲਾਜ ਕੀਤੇ ਜਾਂਦੇ ਹਨ, ਜਿਵੇਂ ਆਪਰੇਸ਼ਨ ਅਤੇ ਫਿਰ ਕੀਮੋਥੈਰੇਪੀ ਜਾਂ ਰੇਡੀਓਥੈ◌ੇਰੇਪੀ। ਜਿਨ੍ਹਾਂ ਲੋਕਾਂ ਨੂੰ ਕੋਲੋਨ ਕੈਂਸਰ ਹੈ ਉਨ੍ਹਾਂ ਦਾ ਰੈਕਟਲ ਕੈਂਸਰ ਵਾਲੇ ਲੋਕਾਂ ਨਾਲੋਂ ਵੱਖਰਾ ਇਲਾਜ ਹੋ ਸਕਦਾ ਹੈ।

**ਆਪਰੇਸ਼ਨ**

ਕੈਂਸਰ ਨੂੰ ਕੱਢਣ ਲਈ ਆਪਰੇਸ਼ਨ (ਸਰਜਰੀ), ਅੰਤੜੀ ਦੇ ਕੈਂਸਰ ਲਈ ਸਭ ਤੋਂ ਆਮ ਇਲਾਜ ਹੈ।

ਕਈ ਵਾਰ, ਵਧੇਰੇ ਸ਼ੁਰੂਆਤੀ-ਪੜਾਅ ਦੇ ਅੰਤੜੀ ਦੇ ਕੈਂਸਰਾਂ ਨੂੰ, ਲੋਕਲ ਰਿਸੈਕਸ਼ਨ ਨਾਮਕ ਇੱਕ ਆਪਰੇਸ਼ਨ ਦੇ ਨਾਲ ਕੱਢਿਆ ਜਾ ਸਕਦਾ ਹੈ। ਸਰਜਨ ਨੂੰ ਪੇਟ (ਢਿੱਡ) ਤੇ ਚੀਰਾ ਪਾਉਣ ਦੀ ਜ਼ਰੂਰਤ ਨਹੀਂ ਹੁੰਦੀ ਹੈ। ਉਹ ਕੈਂਸਰ ਨੂੰ ਕੱਢਣ ਲਈ, ਐਨਸ (ਮਲ-ਦੁਆਰ) ਤੋਂ ਲੰਘਾ ਕੇ ਸਰਜਿਕਲ ਉਪਕਰਨਾਂ ਦਾ ਇਸਤੇਮਾਲ ਕਰਦੇ ਹਨ।

ਜ਼ਿਆਦਾਤਰ ਲੋਕਾਂ ਦਾ, ਅੰਤੜੀ ਦੇ ਹਿੱਸੇ ਨੂੰ ਕਢਵਾਉਣ ਲਈ ਆਪਰੇਸ਼ਨ ਹੋਵੇਗਾ। ਸਰਜਨ ਆਮ ਤੌਰ ਤੇ ਕੈਂਸਰ ਦੇ ਨੇੜੇ ਸਥਿਤ ਕੁਝ ਲਿੰਫ ਨੋਡਸ ਵੀ ਕੱਢੇਗਾ। ਅਜਿਹਾ ਇਸਲਈ ਹੈ ਕਿਉਂਕਿ ਕੈਂਸਰ ਦੀਆਂ ਕੋਸ਼ਿਕਾਵਾਂ, ਕੈਂਸਰ ਦੇ ਨੇੜੇ ਵਾਲੀਆਂ ਲਸਿਕਾ ਗ੍ਰੰਥੀਆਂ ਵਿੱਚ ਫੈਲ ਸਕਦੀਆਂ ਹਨ।

ਤੁਸੀਂ ਨਿਮਨਲਿਖਤ ਰੂਪ ਵਿੱਚ ਆਪਰੇਸ਼ਨ ਕਰਾ ਸਕਦੇ ਹੋ:

- ਓਪਨ ਸਰਜਰੀ
- ਕੀਹੋਲ (ਲੈਪਰੋਸਕੋਪਿਕ) ਸਰਜਰੀ।

ਓਪਨ ਸਰਜਰੀ ਦਾ ਮਤਲਬ ਹੈ ਕਿ ਸਰਜਨ ਕੈਂਸਰ ਨੂੰ ਕੱਢਣ ਤੋਂ ਪਹਿਲਾਂ ਇੱਕ ਵੱਡਾ ਚੀਰਾ ਪਾਉਂਦਾ ਹੈ।

ਕੀਹੋਲ ਸਰਜਰੀ ਦਾ ਮਤਲਬ ਹੈ, ਸਰਜਨ 4 ਜਾਂ 5 ਛੋਟੇ ਚੀਰੇ ਪਾਉਂਦਾ ਹੈ। ਉਹ ਇਨ੍ਹਾਂ ਚੀਰਿਆਂ ਰਾਹੀਂ ਸਰਜਿਕਲ ਉਪਕਰਨਾਂ ਨੂੰ ਅੰਦਰ ਪਾ ਕੇ ਕੈਂਸਰ ਨੂੰ ਕੱਢਦੇ ਹਨ। ਤੁਸੀਂ ਓਪਨ ਸਰਜਰੀ ਦੀ ਤੁਲਨਾ ਵਿੱਚ ਕੀਹੋਲ ਸਰਜਰੀ ਤੋਂ ਵਧੇਰੇ ਛੇਤੀ ਠੀਕ ਹੋ ਜਾਂਦੇ ਹੋ।

**ਕੀਹੋਲ (ਲੈਪਰੋਸਕੋਪਿਕ) ਸਰਜਰੀ ਕਰਦਾ ਇੱਕ ਸਰਜਨ**



**ਕੋਲਨ ਕੈਂਸਰ ਲਈ ਆਪਰੇਸ਼ਨ ਦੀਆਂ ਕਿਸਮਾਂ**

- **ਹੇਮੀ-ਕੋਲੇਕਟੋਮੀ** – ਅੱਧਾ ਕੋਲਨ ਕੱਢ ਦਿੱਤਾ ਜਾਂਦਾ ਹੈ। ਇਹ, ਕੈਂਸਰ ਦੇ ਸਥਾਨ ਤੇ ਨਿਰਭਰ ਕਰਦੇ ਹੋਏ, ਸੱਜੇ ਜਾਂ ਖੱਬੇ ਪਾਸੇ ਹੋ ਸਕਦਾ ਹੈ।
- **ਸਿਗਮੋਇਡ ਕੋਲੇਕਟੋਮੀ** – ਸਿਗਮੋਇਡ ਕੋਲਨ ਕੱਢ ਦਿੱਤਾ ਜਾਂਦਾ ਹੈ।

ਅੰਤੜੀ ਦੇ ਉਸ ਹਿੱਸੇ ਨੂੰ ਕੱਢਣ ਤੋਂ ਬਾਅਦ ਜਿੱਥੇ ਕੈਂਸਰ ਹੈ, ਸਰਜਨ ਅੰਤੜੀ ਦੇ ਦੋਵੇਂ ਹਿੱਸਿਆਂ ਨੂੰ ਇਕੱਠੇ ਜੋੜਦਾ ਹੈ।

**ਸੱਜੇ ਪਾਸੇ ਦੀ ਹੇਮੀ-ਕੋਲੇਕਟੋਮੀ**



**ਖੱਬੇ ਪਾਸੇ ਦੀ ਹੇਮੀ-ਕੋਲੇਕਟੋਮੀ**




**ਸਿਗਮੋਇਡ ਕੋਲੇਕਟੋਮੀ**




ਕੁਝ ਲੋਕਾਂ ਨੂੰ ਸਾਰਾ ਕੋਲਨ ਕਢਵਾਉਣ ਦੀ ਜ਼ਰੂਰਤ ਹੋ ਸਕਦੀ ਹੈ। ਇਸਨੂੰ ਟੋਟਲ ਕੋਲੇਕਟੋਮੀ (ਸਾਰਾ ਕੋਲਨ ਕੱਢਣਾ) ਕਿਹਾ ਜਾਂਦਾ ਹੈ। ਤੁਹਾਡਾ ਡਾਕਟਰ ਤੁਹਾਨੂੰ ਇਸ ਬਾਰੇ ਹੋਰ ਜਾਣਕਾਰੀ ਦੇ ਸਕਦਾ ਹੈ ਜੇ ਤੁਹਾਨੂੰ ਇਸ ਕਿਸਮ ਦੇ ਆਪਰੇਸ਼ਨ ਦੀ ਲੋੜ ਹੈ।

## ਸਟੋਮਸ

ਕੁਝ ਲੋਕਾਂ ਨੂੰ ਸਟੋਮਾ ਦੀ ਲੋੜ ਹੋ ਸਕਦੀ ਹੈ। ਇਹ ਉਦੋਂ ਹੁੰਦਾ ਹੈ ਜਦੋਂ ਸਰਜਨ ਅੰਤੜੀ ਦੇ ਸਿਰੇ ਨੂੰ ਪੇਟ (ਢਿੱਡ) ਦੀ ਸਤ੍ਹਾ ਨਾਲ ਜੋੜ ਦਿੰਦਾ ਹੈ। ਸਟੋਮਾ ਦੁਆਰਾ ਤੁਹਾਡਾ ਪੂ (ਮਲ) ਇੱਕ ਵਿਸ਼ੇਸ਼ ਥੈਲੀ ਵਿੱਚ ਜਾਏਗਾ ਜਿਸ ਨੂੰ ਤੁਸੀਂ ਪਹਿਨਦੇ ਹੋ।

- ਜੇ ਸਟੋਮਾ, ਕੋਲਨ ਤੋਂ ਬਣਾਇਆ ਜਾਂਦਾ ਹੈ, ਤਾਂ ਇਸਨੂੰ ਕੋਲੋਸਟੋਮੀ ਕਿਹਾ ਜਾਂਦਾ ਹੈ।
- ਜੇ ਸਟੋਮਾ, ਛੋਟੀ ਅੰਤੜੀ (ਇਲਿਅਮ) ਤੋਂ ਬਣਾਇਆ ਜਾਂਦਾ ਹੈ, ਤਾਂ ਇਸਨੂੰ ਇਲਿਓਸਟੋਮੀ ਕਿਹਾ ਜਾਂਦਾ ਹੈ।

## ਸਟੋਮਾ ਅਤੇ ਸਟੋਮਾ ਥੈਲੀ




ਸਟੋਮਾ ਨਰਸ ਤੁਹਾਨੂੰ ਦਿਖਾਏਗੀ ਕਿ ਸਟੋਮਾ ਦੀ ਦੇਖਭਾਲ ਕਿਵੇਂ ਕਰਨੀ ਹੈ ਅਤੇ ਤੁਹਾਨੂੰ ਹੋਰ ਸਲਾਹ ਅਤੇ ਜਾਣਕਾਰੀ ਦਏਗੀ।

ਹੋ ਸਕਦਾ ਹੈ ਤੁਹਾਨੂੰ ਸਟੋਮਾ ਦੀ ਲੋੜ ਆਪਰੇਸ਼ਨ ਤੋਂ ਬਾਅਦ ਥੋੜ੍ਹੇ ਸਮੇਂ ਲਈ ਹੀ ਹੋਏ, ਤਾਂ ਜੋ ਅੰਤੜੀ ਨੂੰ ਠੀਕ ਹੋਣ ਦਿੱਤਾ ਜਾਏ। ਪਰ ਕਈ ਵਾਰ ਇਹ ਹਮੇਸ਼ਾ ਲਈ ਵੀ ਲੱਗਿਆ ਰਹੇਗਾ। ਤੁਹਾਡਾ ਡਾਕਟਰ ਤੁਹਾਨੂੰ ਦੱਸ ਸਕਦਾ ਹੈ ਕਿ ਤੁਹਾਨੂੰ ਸਟੋਮਾ ਦੀ ਜ਼ਰੂਰਤ ਹੋ ਸਕਦੀ ਹੈ ਜਾਂ ਨਹੀਂ ਅਤੇ ਤੁਹਾਨੂੰ ਇਸ ਦੀ ਲੋੜ ਕਿੰਨੇ ਸਮੇਂ ਤੱਕ ਹੋ ਸਕਦੀ ਹੈ।

## ਰੈਕਟਲ ਕੈਂਸਰ ਲਈ ਆਪਰੇਸ਼ਨ ਦੀਆਂ ਕਿਸਮਾਂ

ਸਰਜਨ ਆਮ ਤੌਰ ਤੇ ਗੁਦਾ ਦੇ ਬਹੁਤ ਸਾਰੇ ਹਿੱਸੇ, ਅਤੇ ਚਰਬੀ ਦੇ ਟਿਸ਼ੂ ਅਤੇ ਗੁਦਾ ਦੇ ਆਲੇ ਦੁਆਲੇ ਦੇ ਲਿੰਫ ਨੋਡਾਂ ਨੂੰ ਕੱਢ ਦਿੰਦਾ ਹੈ।

**ਐਂਟੀਰਿਅਰ ਰਿਸੈਕਸ਼ਨ** – ਸਰਜਨ ਗੁਦਾ ਦੇ ਉਸ ਹਿੱਸੇ ਨੂੰ ਕੱਢ ਦਿੰਦਾ ਹੈ ਜਿਹੜਾ ਕੈਂਸਰ ਨਾਲ ਪ੍ਰਭਾਵਿਤ ਹੁੰਦਾ ਹੈ। ਉਹ ਅੰਤੜੀ ਦੇ ਦੋਵੇਂ ਸਿਰਿਆਂ ਨੂੰ ਜੋੜ ਦਿੰਦੇ ਹਨ।

**ਐਬਡੋਮਿਨੋ-ਪੇਰੀਨਿਅਲ ਰਿਸੈਕਸ਼ਨ** – ਇਸਦਾ ਇਸਤੇਮਾਲ ਆਮ ਤੌਰ ਤੇ ਐਨਸ ਦੇ ਨੇੜਲੇ ਕੈਂਸਰਾਂ ਲਈ ਕੀਤਾ ਜਾਂਦਾ ਹੈ। ਡਾਕਟਰ ਰੈਕਟਮ ਅਤੇ ਐਨਸ ਕੱਢ ਦਿੰਦੇ ਹਨ। ਇਸ ਆਪਰੇਸ਼ਨ ਤੋਂ ਬਾਅਦ, ਤੁਹਾਨੂੰ ਸਥਾਈ ਸਟੋਮਾ ਲਗਾਇਆ ਜਾਏਗਾ।

**ਐਂਟੀਰਿਅਰ ਰਿਸੈਕਸ਼ਨ**




**ਐਬਡੋਮਿਨੋ-ਪੇਰੀਨਿਅਲ ਰਿਸੈਕਸ਼ਨ**




**ਅਜਿਹੇ ਅੰਤੜੀ ਦੇ ਕੈਂਸਰ ਲਈ ਆਪਰੇਸ਼ਨ ਦੀਆਂ ਕਿਸਮਾਂ ਜੋ ਫੈਲ ਗਿਆ ਹੈ**

ਕਈ ਵਾਰੀ, ਕੈਂਸਰ ਅੰਤੜੀ ਦੀ ਨਾਕਾਬੰਦੀ ਕਰ ਦਿੰਦਾ ਹੈ ਅਤੇ ਇੱਥੋਂ ਹੋ ਕੇ ਮਲ ਜਾਣ ਨੂੰ ਰੋਕ ਦਿੰਦਾ ਹੈ। ਇਸਦੇ ਕਾਰਨ ਪੇਟ ਦਰਦ ਅਤੇ ਉਲਟੀ ਹੋ ਸਕਦੀ ਹੈ। ਡਾਕਟਰ, ਅੰਤੜੀ ਨੂੰ ਖੁੱਲ੍ਹੀ ਰੱਖਣ ਲਈ ਇੱਕ ਪਤਲੀ ਨਲੀ (ਸਟੇਂਟ ਨਾਮਕ) ਨੂੰ ਅੰਦਰ ਪਾ ਸਕਦਾ ਹੈ।

ਆਪਰੇਸ਼ਨ ਦੌਰਾਨ ਕੁਝ ਲੋਕਾਂ ਨੂੰ ਅੰਤੜੀਆਂ ਦੇ ਬਲਾਕ ਹੋਏ ਹਿੱਸੇ ਨੂੰ ਕੱਢਣ ਦੀ ਲੋੜ ਹੋ ਸਕਦੀ ਹੈ।

ਜੇ ਕੈਂਸਰ ਸਰੀਰ ਦੇ ਕਿਸੇ ਦੂਜੇ ਹਿੱਸੇ ਵਿੱਚ ਫੈਲ ਗਿਆ ਹੈ, ਜਿਵੇਂ ਲਿਵਰ ਜਾਂ ਫੇਫੜੇ, ਤਾਂ ਤੁਸੀਂ ਇਸਨੂੰ ਕਢਵਾਉਣ ਲਈ ਕਈ ਵਾਰ ਆਪਰੇਸ਼ਨ ਕਰਵਾ ਸਕਦੇ ਹੋ।

ਸਾਡੇ ਕੋਲ ਸਰਜਰੀ ਬਾਰੇ ਅਤੇ ਕੁਝ ਮਾੜੇ ਪ੍ਰਭਾਵਾਂ ਬਾਰੇ, ਜੋ ਤੁਹਾਨੂੰ ਹੋ ਸਕਦੇ ਹਨ, ਪੰਜਾਬੀ ਵਿੱਚ ਵਧੇਰੇ ਜਾਣਕਾਰੀ ਉਪਲਬਧ ਹੈ।

**ਕੀਮੋਥੈਰੇਪੀ**

ਕੀਮੋਥੈਰੇਪੀ ਵਿੱਚ ਕੈਂਸਰ ਦੀਆਂ ਕੋਸ਼ਿਕਾਵਾਂ ਨੂੰ ਨਸ਼ਟ ਕਰਨ ਲਈ ਕੈਂਸਰ-ਰੋਧੀ ਦਵਾਈਆਂ ਦਿੱਤੀਆਂ ਜਾਂਦੀਆਂ ਹਨ। ਅੰਤੜੀ ਦੇ ਕੈਂਸਰ ਦੇ ਸ਼ੁਰੂਆਤੀ ਪੜਾਅ ਲਈ ਤੁਹਾਨੂੰ ਆਮ ਤੌਰ ਤੇ ਕੀਮੋਥੈਰੇਪੀ ਦੀ ਲੋੜ ਨਹੀਂ ਹੁੰਦੀ ਹੈ।

ਕੀਮੋਥੈਰੇਪੀ ਦਿੱਤੀ ਜਾ ਸਕਦੀ ਹੈ:

- ਸਰਜਰੀ ਤੋਂ ਬਾਅਦ, ਕੈਂਸਰ ਦੇ ਵਾਪਸ ਆ ਜਾਣ ਦੇ ਜੋਖਮ ਨੂੰ ਘਟਾਉਣ ਲਈ
- ਸਰਜਰੀ ਤੋਂ ਪਹਿਲਾਂ - ਕੈਂਸਰ ਨੂੰ ਸੁੰਘਾੜਣ ਲਈ ਅਤੇ ਇਸਦੇ ਵਾਪਸ ਆ ਜਾਣ ਦੇ ਜੋਖਮ ਨੂੰ ਘਟਾਉਣ ਲਈ
- ਫੈਲ ਚੁੱਕੇ ਕੈਂਸਰ ਦੇ ਮੁੱਖ ਇਲਾਜ ਦੇ ਰੂਪ ਵਿੱਚ।

ਕੀਮੋਥੈਰੇਪੀ ਦਵਾਈਆਂ ਦੇ ਕਾਰਨ ਅਜਿਹੇ ਮਾੜੇ ਪ੍ਰਭਾਵ ਹੋ ਸਕਦੇ ਹਨ ਜਿਸਦੇ ਨਾਲ ਤੁਸੀਂ ਅਸੁਅਸਥ ਮਹਿਸੂਸ ਕਰ ਸਕਦੇ ਹੋ। ਵੱਖ-ਵੱਖ ਦਵਾਈਆਂ ਦੇ ਕਾਰਨ ਵੱਖ-ਵੱਖ ਮਾੜੇ ਪ੍ਰਭਾਵ ਹੋ ਸਕਦੇ ਹਨ। ਇਨ੍ਹਾਂ ਵਿੱਚ ਨਿਮਨਲਿਖਤ ਸ਼ਾਮਲ ਹਨ:

- ਸੰਕ੍ਰਮਣ ਹੋਣ ਦੀ ਸੰਭਾਵਨਾ ਵਧ ਜਾਣੀ
- ਥਕੇਵਾਂ ਮਹਿਸੂਸ ਕਰਨਾ
- ਮਤਲੀ ਮਹਿਸੂਸ ਹੋਣਾ ਜਾਂ ਉਲਟੀ ਆਉਣੀ
- ਮੂੰਹ ਦੁਖਣਾ
- ਵਾਲਾਂ ਦਾ ਝੜਣਾ।

ਤੁਹਾਡਾ ਡਾਕਟਰ ਤੁਹਾਨੂੰ ਹੋ ਸਕਣ ਵਾਲੇ ਮਾੜੇ ਪ੍ਰਭਾਵਾਂ ਬਾਰੇ ਅਤੇ ਇਨ੍ਹਾਂ ਨੂੰ ਨਿਯੰਤ੍ਰਿਤ ਕਿਵੇਂ ਕਰਨਾ ਹੈ, ਬਾਰੇ ਤੁਹਾਡੇ ਨਾਲ ਗੱਲ ਕਰ ਸਕਦਾ ਹੈ। ਜ਼ਿਆਦਾਤਰ ਮਾੜੇ ਪ੍ਰਭਾਵਾਂ ਨੂੰ ਦਵਾਈਆਂ ਦੇ ਨਾਲ ਨਿਯੰਤ੍ਰਿਤ ਕੀਤਾ ਜਾ ਸਕਦਾ ਹੈ। ਜ਼ਿਆਦਾਤਰ ਮਾੜੇ ਪ੍ਰਭਾਵ ਇਲਾਜ ਖਤਮ ਹੋਣ ਤੋਂ ਬਾਅਦ ਠੀਕ ਹੋ ਜਾਂਦੇ ਹਨ।

ਸਾਡੇ ਕੋਲ ਕੀਮੋਥੈਰੇਪੀ ਬਾਰੇ ਅਤੇ ਕੁਝ ਮਾੜੇ ਪ੍ਰਭਾਵਾਂ ਬਾਰੇ, ਜੋ ਤੁਹਾਨੂੰ ਹੋ ਸਕਦੇ ਹਨ, ਪੰਜਾਬੀ ਵਿੱਚ ਵਧੇਰੇ ਜਾਣਕਾਰੀ ਉਪਲਬਧ ਹੈ।

**ਰੇਡੀਓਥੈਰੇਪੀ**

ਰੇਡੀਓਥੈਰੇਪੀ ਵਿੱਚ ਕੈਂਸਰ ਕੋਸ਼ਿਕਾਵਾਂ ਨੂੰ ਨਸ਼ਟ ਕਰਨ ਲਈ ਉੱਚ-ਊਰਜਾ ਐਕਸ-ਰੇ ਵਰਤੇ ਜਾਂਦੇ ਹਨ। ਤੁਹਾਡੀ ਆਮ ਤੌਰ ਤੇ ਕੋਲਨ ਕੈਂਸਰ ਲਈ ਰੇਡੀਓਥੈਰੇਪੀ ਨਹੀਂ ਹੁੰਦੀ ਹੈ ਪਰ ਇਹ ਰੈਕਟਲ ਕੈਂਸਰਾਂ ਲਈ ਆਮ ਇਲਾਜ ਹੈ।

ਰੈਕਟਲ ਕੈਂਸਰ ਨੂੰ ਕਢਵਾਉਣ ਲਈ ਆਪਰੇਸ਼ਨ ਤੋਂ ਪਹਿਲਾਂ ਤੁਹਾਡੀ ਰੇਡੀਓਥੈਰੇਪੀ ਕੀਤੀ ਜਾ ਸਕਦੀ ਹੈ। ਇਹ:

- ਕੈਂਸਰ ਨੂੰ ਛੋਟਾ ਕਰਦਾ ਹੈ ਅਤੇ ਕੱਢਣ ਲਈ ਆਸਾਨ ਹੁੰਦਾ ਹੈ
- ਰੈਕਟਲ ਕੈਂਸਰ ਦੇ ਵਾਪਸ ਹੋ ਜਾਣ ਦੀ ਸੰਭਾਵਨਾ ਨੂੰ ਵੀ ਘਟਾ ਸਕਦੀ ਹੈ।

ਰੇਡੀਓਥੈਰੇਪੀ ਪੂਰੀ ਕਰਨ ਦੇ ਕੁਝ ਹਫ਼ਤਿਆਂ ਬਾਅਦ ਤੁਹਾਡਾ ਆਪਰੇਸ਼ਨ ਹੋਏਗਾ।

ਰੇਡੀਓਥੈਰੇਪੀ ਦਾ ਇਸਤੇਮਾਲ ਆਪਰੇਸ਼ਨ ਤੋਂ ਬਾਅਦ ਕੀਤਾ ਜਾ ਸਕਦਾ ਹੈ ਜੇ ਅਜਿਹੀ ਕੋਈ ਸੰਭਾਵਨਾ ਹੈ ਕਿ ਕੈਂਸਰ ਦਾ ਕੁਝ ਹਿੱਸਾ ਅੰਦਰ ਰਹਿ ਗਿਆ ਹੈ।

ਜੇ ਰੈਕਟਲ ਕੈਂਸਰ ਫੈਲ ਗਿਆ ਹੈ ਜਾਂ ਵਾਪਸ ਹੋ ਗਿਆ ਹੈ, ਤਾਂ ਇਸਨੂੰ ਛੋਟਾ ਬਣਾਉਣ ਲਈ ਤੁਹਾਡੀ ਰੇਡੀਓਥੈਰੇਪੀ ਕੀਤੀ ਜਾ ਸਕਦੀ ਹੈ। ਇਹ ਦਰਦ ਜਿਹੇ ਲੱਛਣਾਂ ਵਿੱਚ ਵੀ ਮਦਦ ਕਰ ਸਕਦੀ ਹੈ।

ਰੈਕਟਲ ਕੈਂਸਰ ਲਈ ਰੇਡੀਓਥੈਰੇਪੀ ਦੇ ਮਾੜੇ ਪ੍ਰਭਾਵਾਂ ਵਿੱਚ ਸ਼ਾਮਲ ਹਨ:

- ਥਕਾਵਟ
- ਤੁਹਾਡੀ ਤਵਚਾ ਵਿੱਚ ਬਦਲਾਵ
- ਅੰਤੜੀ ਵਿੱਚ ਤਬਦੀਲੀਆਂ
- ਮੂਤਰਾਸ਼ੇ ਵਿੱਚ ਤਬਦੀਲੀਆਂ।

ਸਾਡੇ ਕੋਲ ਰੇਡੀਓਥੈਰੇਪੀ ਬਾਰੇ ਅਤੇ ਕੁਝ ਮਾੜੇ ਪ੍ਰਭਾਵਾਂ ਬਾਰੇ, ਜੋ ਤੁਹਾਨੂੰ ਹੋ ਸਕਦੇ ਹਨ, ਪੰਜਾਬੀ ਵਿੱਚ ਵਧੇਰੇ ਜਾਣਕਾਰੀ ਉਪਲਬਧ ਹੈ।

**ਕੀਮੋਰੇਡੀਏਸ਼ਨ**

ਜੇ ਤੁਹਾਨੂੰ ਰੈਕਟਲ ਕੈਂਸਰ ਹੋਇਆ ਹੈ, ਤਾਂ ਤੁਹਾਡੀ ਕੀਮੋਥੈਰੇਪੀ ਅਤੇ ਰੇਡੀਓਥੈਰੇਪੀ ਦੋਵੇਂ ਇਕੱਠੀਆਂ ਕੀਤੀਆਂ ਜਾ ਸਕਦੀਆਂ ਹਨ।
ਇਸਨੂੰ ਕੀਮੋਰੇਡੀਏਸ਼ਨ ਕਿਹਾ ਜਾਂਦਾ ਹੈ। ਇਹ ਇਕੱਲੇ ਤੌਰ ਤੇ ਕੀਮੋਥੈਰੇਪੀ ਜਾਂ ਰੇਡੀਓਥੈਰੇਪੀ ਕਰਵਾਉਣ ਨਾਲੋਂ ਵਧੀਆ ਕੰਮ ਕਰ ਸਕਦੀ ਹੈ। ਇਕੱਠੇ ਇਲਾਜ ਕਰਵਾਉਣਾ ਮਾੜੇ ਪ੍ਰਭਾਵਾਂ ਨੂੰ ਹੋਰ ਵਿਗਾੜ ਸਕਦਾ ਹੈ।

**ਟੀਚੇ ਵਾਲੀਆਂ (ਜੈਵਿਕ) ਥੈਰੇਪੀਆਂ**
ਲਕਸ਼ਿਤ ਥੈਰੇਪੀ ਦੀਆਂ ਦਵਾਈਆਂ ਕੈਂਸਰ ਦੀ ਅਜਿਹੀ ਕੋਸ਼ਿਕਾ ਦੇ ਅੰਦਰ ਜਾਂ ਆਸ ਪਾਸ ਕਿਸੇ ਚੀਜ਼ ਨੂੰ ਨਿਸ਼ਾਨਾ ਬਣਾਉਂਦੀਆਂ ਹਨ ਜੋ ਇਸ ਦੇ ਵਿਕਸਤ ਕਰਨ ਅਤੇ ਜੀਵਤ ਰਹਣ ਵਿੱਚ ਸਹਾਇਤਾ ਕਰਦੀਆਂ ਹਨ। ਲਕਸ਼ਿਤ ਥੈਰੇਪੀਆਂ ਕਈ ਵਾਰ ਅਜਿਹੇ ਅੰਤੜੀ ਦੇ ਕੈਂਸਰਾਂ ਦੇ ਇਲਾਜ ਲਈ ਵਰਤੀਆਂ ਜਾਂਦੀਆਂ ਹਨ ਜੋ ਸਰੀਰ ਦੇ ਦੂਜੇ ਹਿੱਸਿਆਂ ਵਿੱਚ ਫੈਲ ਗਏ ਹਨ।

ਮਾੜੇ ਪ੍ਰਭਾਵਾਂ ਵਿੱਚ ਸ਼ਾਮਲ ਹਨ:

- ਥਕੇਵਾਂ ਮਹਿਸੂਸ ਕਰਨਾ
- ਖੁਸ਼ਕ ਤਵਚਾ ਜਾਂ ਚਟਾਕ
- ਦਸਤ
- ਫਲੂ ਦੇ ਲੱਛਣ।

ਜ਼ਿਆਦਾਤਰ ਮਾੜੇ ਪ੍ਰਭਾਵਾਂ ਨੂੰ ਦਵਾਈਆਂ ਨਾਲ ਨਿਯੰਤ੍ਰਿਤ ਕੀਤਾ ਜਾ ਸਕਦਾ ਹੈ ਅਤੇ ਇਹ ਇਲਾਜ ਦੇ ਖਤਮ ਹੋ ਜਾਣ ਤੇ ਠੀਕ ਹੋ ਜਾਂਦੇ ਹਨ।

# ਤੁਹਾਡੇ ਇਲਾਜ ਦੇ ਸੰਭਾਵੀ ਮਾੜੇ ਪ੍ਰਭਾਵ

ਹੇਠਾਂ ਕੁਝ ਮਾੜੇ ਪ੍ਰਭਾਵ ਦਿੱਤੇ ਗਏ ਹਨ ਜੋ ਤੁਹਾਨੂੰ ਅੰਤੜੀ ਦੇ ਕੈਂਸਰ ਦੇ ਇਲਾਜ ਦੇ ਦੌਰਾਨ ਅਤੇ ਬਾਅਦ ਹੋ ਸਕਦੇ ਹਨ।

**ਅੰਤੜੀ ਵਿੱਚ ਤਬਦੀਲੀਆਂ**
ਇਲਾਜ ਤੋਂ ਬਾਅਦ, ਤੁਹਾਡੀ ਅੰਤੜੀ ਥੋੜ੍ਹੇ ਸਮੇਂ ਲਈ ਵੱਖਰੀ ਤਰ੍ਹਾਂ ਕੰਮ ਕਰ ਸਕਦੀ ਹੈ। ਤੁਹਾਡੇ ਨਾਲ ਇਹ ਹੋ ਸਕਦਾ ਹੈ:

- ਦਸਤ ਲੱਗਣੇ
- ਵਧ ਵਾਰ ਸ਼ੋਚ ਜਾਣ ਦੀ ਲੋੜ ਪੈਣੀ
- ਜਦੋਂ ਮਲ ਤਿਆਗਣ ਦੀ ਲੋੜ ਹੋਏ ਤਾਂ ਬਹੁਤ ਜ਼ਿਆਦਾ ਚੇਤਾਵਨੀ ਨਾ ਮਿਲਣਾ
- ਚਿੱਤੜਾਂ ਦਾ ਦੁਖਣਾ।

ਇਹ ਆਮ ਤੌਰ ਤੇ ਸਮਾਂ ਬੀਤਣ ਦੇ ਨਾਲ ਠੀਕ ਹੋ ਜਾਂਦੇ ਹਨ। ਜੇ ਤੁਹਾਨੂੰ ਇਹ ਮਾੜੇ ਪ੍ਰਭਾਵ ਹੁੰਦੇ ਹਨ ਜਾਂ ਇਹ ਠੀਕ ਨਹੀਂ ਹੁੰਦੇ ਤਾਂ ਆਪਣੇ ਡਾਕਟਰ ਜਾਂ ਨਰਸ ਨੂੰ ਦੱਸੋ। ਉਹ ਇਸ ਵਿੱਚ ਮਦਦ ਕਰਨ ਲਈ ਤੁਹਾਨੂੰ ਸਲਾਹ ਅਤੇ ਦਵਾਈਆਂ ਦੇ ਸਕਦੇ ਹਨ।

**ਆਪਣੀ ਤਵਚਾ ਦੀ ਰੱਖਿਆ ਕਰੋ**

ਪਤਲੇ ਜਾਂ ਪਾਣੀ ਵਰਗੇ ਮਲ ਆਉਣ ਤੇ, ਤੁਹਾਡੇ ਚਿੱਤੜਾਂ ਦੇ ਆਸ-ਪਾਸ ਦੀ ਤਵਚਾ ਦੁਖ ਸਕਦੀ ਹੈ। ਇਹ ਸੁਝਾਅ ਮਦਦਗਾਰ ਹੋ ਸਕਦੇ ਹਨ:

- ਆਪਣੇ ਐਨਸ (ਪਿਛਲੇ ਰਸਤੇ) ਦੇ ਆਸ-ਪਾਸ ਦੀ ਤਵਚਾ ਨੂੰ ਸਾਫ ਅਤੇ ਸੁੱਕੀ ਰੱਖੋ।
- ਬਗੈਰ-ਖੁਸ਼ਬੂ ਵਾਲੇ ਗਿੱਲੇ ਪੂੰਝਿਆਂ (ਵਾਇਪਸ) ਦਾ ਇਸਤੇਮਾਲ ਕਰੋ ਕਿਉਂਕਿ ਇਹ ਟੋਇਲਟ ਪੇਪਰ ਦੇ ਮੁਕਾਬਲੇ ਤੁਹਾਡੀ ਤਵਚਾ ਤੇ ਵਧੇਰੇ ਨਰਮ ਹੁੰਦੇ ਹਨ।
- ਆਪਣੀ ਤਵਚਾ ਦੀ ਸੁਰੱਖਿਆ ਕਰਨ ਲਈ ਬੈਰੀਅਰ ਕ੍ਰੀਮ ਦਾ ਇਸਤੇਮਾਲ ਕਰੋ। ਸਿਰਫ ਉਨ੍ਹਾਂ ਕ੍ਰੀਮਾਂ ਦੀ ਵਰਤੋਂ ਕਰੋ ਜਿਸਦੀ ਤੁਹਾਡੇ ਡਾਕਟਰ ਅਤੇ ਨਰਸ ਨੇ ਸਿਫਾਰਸ਼ ਕੀਤੀ ਹੈ।
- ਆਪਣੀ ਤਵਚਾ ਨੂੰ ਸੁੱਕੀ ਅਤੇ ਠੰਡੀ ਰੱਖਣ ਲਈ ਸੂਤੀ ਕੱਛੇ ਪਾਓ।

**ਆਹਾਰ ਵਿੱਚ ਤਬਦੀਲੀਆਂ**

ਆਪਰੇਸ਼ਨ ਤੋਂ ਬਾਅਦ ਤੁਹਾਡੀ ਅੰਤੜੀ ਦੇ ਠੀਕ ਹੋਣ ਦੇ ਦੌਰਾਨ ਤੁਹਾਡਾ ਡਾਕਟਰ ਤੁਹਾਨੂੰ ਕਿਸੇ ਖਾਸ ਖੁਰਾਕ ਦੀ ਪਾਲਣਾ ਕਰਨ ਦੀ ਸਲਾਹ ਦੇ ਸਕਦਾ ਹੈ।

ਕਈ ਵਾਰ ਫਲਾਂ ਅਤੇ ਸਬਜ਼ੀਆਂ ਜਿਹੇ ਭੋਜਨ ਤੁਹਾਡੇ ਮਲ ਨੂੰ ਪਤਲਾ ਕਰ ਸਕਦੇ ਹਨ ਜਿਸਦੇ ਕਾਰਨ ਤੁਹਾਨੂੰ ਵਧ ਵਾਰ ਸ਼ੋਚ ਜਾਣ ਦੀ ਲੋੜ ਪੈਂਦੀ ਹੈ। ਡਾਇਰੀ ਵਿੱਚ ਇਹ ਰਿਕਾਰਡ ਰੱਖਣਾ ਮਦਦਗਾਰ ਹੋ ਸਕਦਾ ਹੈ ਕਿ ਤੁਸੀਂ ਕੀ ਖਾਂਦੇ ਹੋ ਅਤੇ ਇਸ ਦਾ ਤੁਹਾਡੇ ਉੱਤੇ ਕਿਹੋ ਜਿਹਾ ਪ੍ਰਭਾਵ ਪੈਂਦਾ ਹੈ।

ਜੇ ਤੁਹਾਨੂੰ ਖਾਣ ਦਾ ਦਿਲ ਨਹੀਂ ਕਰਦਾ, ਤਾਂ ਦਿਨ ਵਿੱਚ 1-2 ਵੱਡੇ ਭੋਜਨ ਕਰਨ ਦੀ ਬਜਾਏ ਕਈ ਛੋਟੇ-ਛੋਟੇ ਭੋਜਨ ਕਰਨਾ ਮਦਦਗਾਰ ਹੋ ਸਕਦਾ ਹੈ। ਤੁਸੀਂ ਕੀ ਕੁਝ ਖਾ ਸਕਦੇ ਹਨ, ਇਸ ਨੂੰ ਲੈ ਕੇ ਜੇ ਤੁਹਾਡੀਆਂ ਸਮੱਸਿਆਵਾਂ ਜਾਰੀ ਰਹਿੰਦੀਆਂ ਹਨ, ਤਾਂ ਆਪਣੇ ਡਾਕਟਰ ਜਾਂ ਨਰਸ ਨਾਲ ਗੱਲ ਕਰੋ।

**ਚਿੰਤਾ**

ਬੇਚੈਨ ਜਾਂ ਚਿੰਤਤ ਮਹਿਸੂਸ ਕਰਨ ਨਾਲ ਤੁਹਾਨੂੰ ਪਤਲਾ ਮਲ ਆ ਸਕਦਾ ਹੈ। ਆਰਾਮ ਕਿਵੇਂ ਕਰਨਾ ਹੈ ਇਹ ਸਿੱਖਣ ਨਾਲ ਤੁਹਾਡੀ ਅੰਤੜੀ ਨੂੰ ਠੀਕ ਹੋਣ ਵਿੱਚ ਮਦਦ ਮਿਲ ਸਕਦੀ ਹੈ ਅਤੇ ਇਹ ਤੁਹਾਡੀ ਸਧਾਰਨ ਸਿਹਤ ਅਤੇ ਠੀਕ ਹੋਣ ਲਈ ਹੀ ਵਧੀਆ ਹੈ।

**ਜੇ ਤੁਹਾਨੂੰ ਸਟੋਮਾ ਲੱਗਾ ਹੈ**

ਜੇ ਤੁਹਾਨੂੰ ਆਪਰੇਸ਼ਨ ਤੋਂ ਬਾਅਦ ਅਸਥਾਈ ਜਾਂ ਸਥਾਈ ਸਟੋਮਾ ਲੱਗਾ ਹੈ, ਤਾਂ ਤੁਹਾਨੂੰ ਇਸਦੇ ਨਾਲ ਸਮਾਈ ਕਰਨ ਵਿੱਚ ਥੋੜ੍ਹਾ ਸਮਾਂ ਲੱਗੇਗਾ। ਸਟੋਮਾ ਵਾਲੇ ਕਿਸੇ ਹੋਰ ਵਿਅਕਤੀ ਨਾਲ ਗੱਲ ਕਰਨਾ ਤੁਹਾਨੂੰ ਮਦਦਗਾਰ ਲੱਗ ਸਕਦਾ ਹੈ। ਤੁਹਾਡੀ ਨਰਸ ਤੁਹਾਡੇ ਲਈ ਇਸਦੀ ਵਿਵਸਥਾ ਕਰ ਸਕਦੀ ਹੈ। ਤੁਹਾਡੀ ਨਰਸ ਤੁਹਾਨੂੰ ਸਿਖਾਏਗੀ ਕਿ ਘਰ ਵਿੱਚ ਆਪਣੇ ਸਟੋਮਾ ਨੂੰ ਕਿਵੇਂ ਨਿਯੰਤ੍ਰਿਤ ਕਰਨਾ ਹੈ।

**ਮੈਕਮਿਲਨ (Macmillan) ਟੋਇਲਟ ਕਾਰਡ**

ਤੁਹਾਨੂੰ ਬਾਹਰ ਜਾਣ ਬਾਰੇ ਚਿੰਤਾ ਹੋ ਸਕਦੀ ਹੈ ਜੇ ਤੁਹਾਨੂੰ ਤੁਰੰਤ ਟਾਇਲਟ ਦੀ ਵਰਤੋਂ ਕਰਨ ਦੀ ਜ਼ਰੂਰਤ ਹੈ। ਮੁਫਤ ਮੈਕਮਿਲਨ (Macmillan) ਟਾਇਲਟ ਕਾਰਡ ਰੱਖਣਾ ਇਸ ਵਿਚ ਸਹਾਇਤਾ ਕਰ ਸਕਦਾ ਹੈ। ਤੁਸੀਂ ਇਸਨੂੰ ਦੁਕਾਨਾਂ, ਦਫ਼ਤਰਾਂ ਅਤੇ ਕੈਫੇਟੇਰੀਆਂ ਜਿਹੇ ਸਥਾਨਾਂ ਤੇ ਦਿਖਾ ਸਕਦੇ ਹੋ। ਸਾਨੂੰ ਉਮੀਦ ਹੈ ਕਿ ਇਹ ਤੁਹਾਨੂੰ ਕਿਸੇ ਟਾਇਲੇਟ ਤਕ ਪਹੁੰਚ ਕਰਨ ਵਿੱਚ ਮਦਦ ਕਰੇਗਾ ਪਰ ਹੋ ਸਕਦਾ ਹੈ ਕਿ ਇਹ ਹਰ ਥਾਂ ਤੇ ਕੰਮ ਨਾ ਕਰੇ।

ਤੁਸੀਂ **0808 808 00 00** ਤੇ ਸਾਡੀ ਮੈਕਮਿਲਨ (Macmillan) ਸੁਪੋਰਟ ਲਾਈਨ ਨੂੰ ਕਾਲ ਕਰਕੇ ਇਸਨੂੰ ਪ੍ਰਾਪਤ ਕਰ ਸਕਦੇ ਹੋ। ਜਾਂ, ਤੁਸੀਂ **be.macmillan.org.uk** ਤੇ ਜਾ ਕੇ ਇਸਨੂੰ ਆਰਡਰ ਕਰ ਸਕਦੇ ਹੋ

ਤੁਸੀਂ ਅਸਮਰੱਥ ਵਿਅਕਤੀਆਂ ਲਈ ਬਣੇ ਸ਼ੋਚਾਲੇ ਦਾ ਵੀ ਇਸਤੇਮਾਲ ਕਰ ਸਕਦੇ ਹੋ। ਉਨ੍ਹਾਂ ਵਿੱਚ ਵਾਸ਼ ਬੇਸਿਨ ਅਤੇ ਆਪਣੇ ਕੱਪੜੇ ਬਦਲਣ ਦੀ ਥਾਂ ਹੁੰਦੀ ਹੈ। ਅਸਮਰੱਥ ਵਿਅਕਤੀਆਂ ਲਈ ਬਣੇ ਸ਼ੋਚਾਲੇ ਕਈ ਵਾਰ ਤਾਲਾ-ਬੰਦ ਹੁੰਦੇ ਹਨ। ਤੁਸੀਂ ਇਸਦੀ ਚਾਬੀ ਡਿਸਐਬਿਲਿਟੀ ਰਾਈਟਸ ਯੂਕੇ ਤੋਂ ਖਰੀਦ ਸਕਦੇ ਹੋ।

**ਮਾੜੇ ਪ੍ਰਭਾਵਾਂ ਤੇ ਵਧੇਰੇ ਜਾਣਕਾਰੀ**

ਸਾਡੇ ਕੋਲ, ਕੈਂਸਰ ਦੇ ਸਧਾਰਨ ਇਲਾਜ ਦੇ ਮਾੜੇ ਪ੍ਰਭਾਵਾਂ ਬਾਰੇ ਤੁਹਾਡੀ ਭਾਸ਼ਾ ਵਿੱਚ ਵਧੇਰੇ ਜਾਣਕਾਰੀ ਉਪਲਬਧ ਹੈ। ਥਕਾਵਟ ਅਤੇ ਖਾਣ-ਪੀਣ ਸਬੰਧੀ ਸਮੱਸਿਆਵਾਂ ਬਾਰੇ ਸਾਡੀ ਜਾਣਕਾਰੀ ਵੀ ਮਦਦਗਾਰ ਹੋ ਸਕਦੀ ਹੈ। ਤੁਸੀਂ ਇਹ ਜਾਣਕਾਰੀ ਆਨਲਾਈਨ **macmillan.org.uk/translations** ਦੇਖ ਸਕਦੇ ਹੋ। ਜਾਂ ਤੁਸੀਂ **0808 808 00 00** ਤੇ ਫ਼ੋਨ ਕਰਕੇ ਆਪਣੀ ਭਾਸ਼ਾ ਵਿੱਚ ਜਾਣਕਾਰੀ ਦੀ ਮੰਗ ਕਰ ਸਕਦੇ ਹੋ।

## ਫੋ◌ੋਲੋ-ਅਪ (ਅੱਗੇ ਦੀ ਕਾਰਵਾਈ)

ਤੁਹਾਡਾ ਇਲਾਜ ਖਤਮ ਹੋਣ ਤੋਂ ਬਾਅਦ, ਤੁਹਾਡੀ ਨਿਯਮਿਤ ਜਾਂਚਾਂ ਹੋਣਗੀਆਂ ਅਤੇ ਟੈਸਟ ਵੀ ਹੋ ਸਕਦੇ ਹਨ। ਇਹ ਆਮ ਤੌਰ ਤੇ ਕਈ ਸਾਲਾਂ ਤਕ ਜਾਰੀ ਰਹਿ ਸਕਦੇ ਹਨ।

## ਤੁਹਾਡੀਆਂ ਭਾਵਨਾਵਾਂ

ਜਦੋਂ ਤੁਹਾਨੂੰ ਦੱਸਿਆ ਜਾਂਦਾ ਹੈ ਕਿ ਤੁਹਾਨੂੰ ਕੈਂਸਰ ਹੈ ਤਾਂ ਤੁਸੀਂ ਬਹੁਤ ਘਬਰਾ ਸਕਦੇ ਹੋ ਅਤੇ ਬਹੁਤ ਵੱਖ-ਵੱਖ ਭਾਵਨਾਵਾਂ ਆ ਸਕਦੀਆਂ ਹਨ। ਮਹਿਸੂਸ ਕਰਨ ਦਾ ਕੋਈ ਸਹੀ ਜਾਂ ਗਲਤ ਤਰੀਕਾ ਨਹੀਂ ਹੈ। ਇਸਦਾ ਸਾਮ੍ਹਣਾ ਕਰਨ ਦੇ ਕਈ ਤਰੀਕੇ ਹਨ। ਕਿਸੇ ਨਜ਼ਦੀਕੀ ਦੋਸਤ ਜਾਂ ਰਿਸ਼ਤੇਦਾਰ ਨਾਲ ਗੱਲ ਕਰਨਾ ਮਦਦਗਾਰ ਹੋ ਸਕਦਾ ਹੈ। ਤੁਹਾਡਾ ਡਾਕਟਰ ਜਾਂ ਨਰਸ ਵੀ ਮਦਦ ਕਰ ਸਕਦੇ ਹਨ।

## ਮੈਕਮਿਲਨ (Macmillan) ਕਿਵੇਂ ਤੁਹਾਡੀ ਮਦਦ ਕਰ ਸਕਦੀ ਹੈ

ਮੈਕਮਿਲਨ (Macmillan) ਤੁਹਾਡੀ ਅਤੇ ਤੁਹਾਡੇ ਪਰਿਵਾਰ ਦੀ ਮਦਦ ਕਰਨ ਲਈ ਮੌਜੂਦ ਹੈ। ਤੁਸੀਂ ਇੱਥੋਂ ਮਦਦ ਪ੍ਰਾਪਤ ਕਰ ਸਕਦੇ ਹੋ:

- **ਮੈਕਮਿਲਨ (Macmillan) ਸੁਪੋਰਟ ਲਾਈਨ (0808 808 00 00)**। ਸਾਡੇ ਕੋਲ ਦੁਭਾਸ਼ੀਏ ਹਨ, ਇਸਲਈ ਤੁਸੀਂ ਸਾਡੇ ਨਾਲ ਆਪਣੀ ਭਾਸ਼ਾ ਵਿੱਚ ਗੱਲ ਕਰ ਸਕਦੇ ਹੋ। ਸਿਰਫ ਸਾਨੂੰ ਅੰਗ੍ਰੇਜ਼ੀ ਵਿੱਚ ਉਸ ਭਾਸ਼ਾ ਦਾ ਨਾਮ ਦੱਸੋ ਜੋ ਤੁਸੀਂ ਵਰਤਣਾ ਚਾਹੁੰਦੇ ਹੋ। ਅਸੀਂ ਡਾਕਟਰੀ ਸਵਾਲਾਂ ਦਾ ਜਵਾਬ ਦੇ ਸਕਦੇ ਹਾਂ, ਵਿੱਤੀ ਸਹਾਇਤਾ ਬਾਰੇ ਤੁਹਾਨੂੰ ਜਾਣਕਾਰੀ ਦੇ ਸਕਦੇ ਹਾਂ ਜਾਂ ਤੁਹਾਡੀਆਂ ਭਾਵਨਾਵਾਂ ਬਾਰੇ ਤੁਹਾਡੇ ਨਾਲ ਗੱਲ ਕਰ ਸਕਦੇ ਹਾਂ। ਇਹ ਫ਼ੋਨ ਲਾਈਨ ਹਫ਼ਤੇ ਦੇ 7 ਦਿਨ, ਸਵੇਰੇ 8 ਤੋਂ ਸ਼ਾਮ 8 ਵਜੇ ਤੱਕ ਖੁੱਲ੍ਹੀ ਹੈ।

- **ਮੈਕਮਿਲਨ (Macmillan) ਦੀ ਵੈਬਸਾਈਟ (macmillan.org.uk)**। ਸਾਡੀ ਸਾਈਟ ਵਿੱਚ ਕੈਂਸਰ ਅਤੇ ਕੈਂਸਰ ਦੇ ਨਾਲ ਜਿਉਣ ਬਾਰੇ ਅੰਗ੍ਰੇਜ਼ੀ ਵਿੱਚ ਕਾਫੀ ਸਾਰੀ ਜਾਣਕਾਰੀ ਉਪਲਬਧ ਹੈ। ਇਸ ਵੈਬਸਾਈਟ **macmillan.org.uk/translations** ਤੇ ਦੂਜੀਆਂ ਭਾਸ਼ਾਵਾਂ ਵਿੱਚ ਹੋਰ ਜਾਣਕਾਰੀ ਉਪਲਬਧ ਹੈ

- **ਜਾਣਕਾਰੀ ਅਤੇ ਸਹਿਯੋਗੀ ਸੇਵਾਵਾਂ**। ਜਾਣਕਾਰੀ ਅਤੇ ਸਹਿਯੋਗੀ ਸੇਵਾਵਾਂ ਵਿਖੇ, ਤੁਸੀਂ ਕੈਂਸਰ ਸੁਪੋਰਟ ਦੇ ਮਾਹਰ ਨਾਲ ਗੱਲ ਕਰ ਸਕਦੇ ਹੋ ਅਤੇ ਲਿਖਤੀ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ। ਇਸ ਵੈਬਸਾਈਟ **macmillan.org.uk/informationcentres** ਤੇ ਜਾ ਕੇ ਆਪਣੇ ਨੇੜਲੇ ਕੇਂਦਰ ਦਾ ਪਤਾ ਲਗਾਓ ਜਾਂ ਸਾਨੂੰ ਕਾਲ ਕਰੋ। ਤੁਹਾਡੇ ਹਸਪਤਾਲ ਦੇ ਅੰਦਰ ਵੀ ਇਸਦਾ ਕੇਂਦਰ ਹੋ ਸਕਦਾ ਹੈ।

- **ਸਥਾਨਕ ਸਹਿਯੋਗੀ ਸਮੂਹ** – ਸਹਿਯੋਗੀ ਸਮੂਹ ਵਿੱਚ ਤੁਸੀਂ ਅਜਿਹੇ ਦੂਜੇ ਲੋਕਾਂ ਨਾਲ ਗੱਲ ਕਰ ਸਕਦੇ ਹੋ ਜੋ ਕੈਂਸਰ ਨਾਲ ਪ੍ਰਭਾਵਿਤ ਹੋਏ ਹਨ। ਇਸ ਵੈਬਸਾਈਟ **macmillan.org.uk/supportgroups** ਤੇ ਜਾ ਕੇ ਆਪਣੇ ਨੇੜਲੇ ਸਮੂਹ ਦਾ ਪਤਾ ਲਗਾਓ ਜਾਂ ਸਾਨੂੰ ਕਾਲ ਕਰੋ।

- **ਮੈਕਮਿਲਨ (Macmillan) ਆਨਲਾਈਨ ਕਮਿਊਨਿਟੀ** – ਤੁਸੀਂ ਇਸ ਵੈਬਸਾਈਟ **macmillan.org.uk/community** ਤੇ ਆਨਲਾਈਨ ਕੈਂਸਰ ਨਾਲ ਪ੍ਰਭਾਵਿਤ ਹੋਏ ਦੂਜੇ ਲੋਕਾਂ ਨਾਲ ਵੀ ਗੱਲ ਕਰ ਸਕਦੇ ਹੋ

## ਸ਼ਬਦ ਸੂਚੀ

| **ਸ਼ਬਦ**<br>(ਪੰਜਾਬੀ) | **ਅੰਗ੍ਰੇਜ਼ੀ ਵਿੱਚ** | **ਅੰਗ੍ਰੇਜ਼ੀ ਵਿੱਚ ਕਿਵੇਂ ਕਹਿਣਾ ਹੈ** ਪੰਜਾਬੀ | **ਮਤਲਬ** |
|---|---|---|---|
| ਈਲਿਓਸਟੋਮੀ | Ileostomy | ਈਲਿਓਸਟੋਮੀ | ਛੋਟੀ ਅੰਤੜੀ ਦੇ ਹਿੱਸੇ ਤੋਂ ਬਣਿਆ ਸਟੋਮਾ। |
| ਇਲੀਅਮ | Ileum | ਇਲੀਅਮ | ਛੋਟੀ ਅੰਤੜੀ ਦਾ ਹਿੱਸਾ ਜੋ ਕੋਲਨ ਦੇ ਨਾਲ ਜੁੜਦਾ ਹੈ। |
| ਸਰਜਰੀ | Surgery | ਸਰਜਰੀ | ਆਪਰੇਸ਼ਨ ਕਰਵਾਉਣਾ |
| ਸਟੋਮਾ | Stoma | ਸਟੋਮਾ | ਸਰਜਨ ਦੁਆਰਾ ਸਰੀਰ ਨੂੰ ਖੋਲ੍ਹਿਆ ਜਾਣਾ। |
| ਸਟੋਮਾ ਨਰਸ | Stoma nurse | ਸਟੋਮਾ ਨਰਸ | ਨਰਸ ਜੋ ਤੁਹਾਨੂੰ ਦਿਖਾਏਗੀ ਕਿ ਸਟੋਮਾ ਦੀ ਦੇਖਭਾਲ ਕਿਵੇਂ ਕਰਨੀ ਹੈ। |
| ਕੀਮੋਥੈਰੇਪੀ | Chemotherapy | ਕੀਮੋਥੈਰੇਪੀ | ਕੈਂਸਰ ਦਾ ਉਹ ਇਲਾਜ ਤੋ ਕੈਂਸਰ ਕੋਸ਼ਿਕਾਵਾਂ ਨੂੰ ਮਾਰਣ ਲਈ ਦਵਾਈਆਂ ਦੀ ਵਰਤੋਂ ਕਰਦਾ ਹੈ। |
| ਕੋਸ਼ਿਕਾਵਾਂ | Cells | ਸੈੱਲਜ਼ | ਛੋਟੇ ਛੋਟੇ ਬਿਲਡਿੰਗ ਬਲਾਕ ਜੋ ਸਾਡੇ ਸਰੀਰ ਦੇ ਅੰਗਾਂ ਅਤੇ ਊਤਕਾਂ ਦਾ ਨਿਰਮਾਣ ਕਰਦੇ ਹਨ। |
| ਕੋਲੋਸਟੋਮੀ | Colostomy | ਕੋਲੋਸਟੋਮੀ | ਕੋਲਨ ਦੇ ਹਿੱਸੇ ਤੋਂ ਬਣਿਆ ਸਟੋਮਾ। |
| ਟਿਊਮਰ | Tumour | ਟਿਊਮਰ | ਕੋਸ਼ਿਕਾਵਾਂ ਦਾ ਇੱਕ ਸਮੂਹ ਜੋ ਅਸਧਾਰਨ ਤਰੀਕੇ ਨਾਲ ਫੈਲ ਰਹੀਆਂ ਹਨ। ਅਸਧਾਰਨ ਕੋਸ਼ਿਕਾਵਾਂ ਵਧਦੀਆਂ ਰਹਿੰਦੀਆਂ ਹਨ ਅਤੇ ਇੱਕ ਗੰਢ ਦਾ ਰੂਪ ਲੈ ਲੈਂਦੀਆਂ ਹਨ। |
| ਦਸਤ | Diarrhoea | ਡਾਇਰਿਆ | ਜਦੋਂ ਤੁਹਾਨੂੰ ਨਰਮ ਜਾਂ ਪਾਣੀ ਵਰਗੀ ਟੱਟੀ ਆਉਂਦੀ ਹੈ। ਤੁਹਾਨੂੰ ਸਧਾਰਨ ਨਾਲੋਂ ਵਧ ਵਾਰੀ ਜਾਂ ਬਹੁਤ ਹੀ ਜਲਦੀ ਸ਼ੋਚ ਜਾਣ ਦੀ ਲੋੜ ਪੈ ਸਕਦੀ ਹੈ। ਤੁਹਾਡੇ ਢਿੱਡ ਵਿੱਚ ਵੀ ਦਰਦ ਹੋ ਸਕਦੀ ਹੈ। |

| | | | |
|---|---|---|---|
| ਬੈਰੀਅਰ ਕ੍ਰੀਮ | Barrier cream | ਬੈਰੀਅਰ ਕ੍ਰੀਮ | ਜਲਰੋਧੀ ਕ੍ਰੀਮ ਜੋ ਤਵਚਾ ਨੂੰ ਸਰੀਰਕ ਤਰਲਾਂ ਤੋਂ ਬਚਾਉਂਦੀ ਹੈ। |
| ਮਾੜੇ ਪ੍ਰਭਾਵ | Side effects | ਸਾਈਡ ਇਫੇਕਟਸ | ਕੈਂਸਰ ਦੇ ਇਲਾਜ ਦੇ ਅਣਚਾਹੇ ਪ੍ਰਭਾਵ। |
| ਮੁੱਢਲਾ ਕੈਂਸਰ | Primary cancer | ਪ੍ਰਾਈਮਰੀ ਕੈਂਸਰ | ਸਰੀਰ ਵਿੱਚ ਪਹਿਲਾ ਟਿਊਮਰ ਵਿਕਸਤ ਹੋਣਾ। |
| ਰੇਡੀਓਥੈਰੇਪੀ | Radiotherapy | ਰੇਡੀਓਥੈਰੇਪੀ | ਕੈਂਸਰ ਦਾ ਉਹ ਇਲਾਜ ਤੋ ਕੈਂਸਰ ਕੋਸ਼ਿਕਾਵਾਂ ਨੂੰ ਮਾਰਣ ਲਈ ਉੱਚ-ਊਰਜਾ ਵਾਲੇ ਐਕਸ-ਰੇ ਦੀ ਵਰਤੋਂ ਕਰਦਾ ਹੈ। |
| ਰੋਗ-ਪਛਾਣ | Diagnosis | ਡਾਇਗਨੋਸਿਸ | ਇਹ ਪਤਾ ਲਗਾਉਣਾ ਕਿ ਤੁਹਾਨੂੰ ਕੋਈ ਬਿਮਾਰੀ ਹੈ ਜਾਂ ਨਹੀਂ। |
| ਲਕਸ਼ਿਤ ਥੈਰੇਪੀ | Targeted therapy | ਟਾਰਗੇਟਿਡ ਥੈਰੇਪੀ | ਦਵਾਈਆਂ ਜੋ ਕੈਂਸਰ ਕੋਸ਼ਿਕਾਵਾਂ ਤੇ ਹਮਲਾ ਕਰਦੀਆਂ ਹਨ ਅਤੇ ਸਧਾਰਨ ਕੋਸ਼ਿਕਾਵਾਂ ਨੂੰ ਘੱਟ ਨੁਕਸਾਨ ਪਹੁੰਚਾਉਂਦੀਆਂ ਹਨ। |
| ਲਸਿਕਾ ਗ੍ਰੰਥੀ | Lymph node | ਲਿੰਫ ਨੋਡ | ਉਹ ਗ੍ਰੰਥੀ ਜੋ ਲਿੰਫੈਟਿਕ ਸਿਸਟਮ ਦਾ ਹਿੱਸਾ ਹੈ। |
| ਲਿੰਫੈਟਿਕ ਸਿਸਟਮ | Lymphatic system | ਲਿੰਫੈਟਿਕ ਸਿਸਟਮ | ਪੂਰੇ ਸਰੀਰ ਵਿੱਚ ਮੌਜੂਦ ਵਾਹਿਣੀਆਂ ਅਤੇ ਗ੍ਰੰਥੀਆਂ ਦਾ ਇੱਕ ਅਜਿਹਾ ਨੈਟਵਰਕ ਜੋ ਸੰਕ੍ਰਮਣ ਨਾਲ ਲੜ੍ਹਣ ਵਿੱਚ ਮਦਦ ਕਰਦਾ ਹੈ। |
| ਈਲਿਓਸਟੋਮੀ | Ileostomy | ਈਲਿਓਸਟੋਮੀ | ਛੋਟੀ ਅੰਤੜੀ ਦੇ ਹਿੱਸੇ ਤੋਂ ਬਣਿਆ ਸਟੋਮਾ। |

## ਪੰਜਾਬੀ ਵਿੱਚ ਵਧੇਰੇ ਜਾਣਕਾਰੀ

ਇਨ੍ਹਾਂ ਵਿਸ਼ਿਆਂ ਬਾਰੇ ਸਾਡੇ ਕੋਲ ਪੰਜਾਬੀ ਵਿੱਚ ਜਾਣਕਾਰੀ ਹੈ:

| **ਕੈਂਸਰ ਦੀਆਂ ਕਿਸਮਾਂ** | **ਕੈਂਸਰ ਨਾਲ ਜੂਝਣਾ** |
|---|---|
| • ਛਾਤੀ ਦਾ ਕੈਂਸਰ<br>• ਵੱਡੀ ਅੰਤੜੀ ਦਾ ਕੈਂਸਰ<br>• ਫੇਫੜੇ ਦਾ ਕੈਂਸਰ<br>• ਪ੍ਰੋਸਟੇਟ ਕੈਂਸਰ<br>**ਇਲਾਜ**<br>• ਕੀਮੋਥੈਰੇਪੀ<br>• ਰੇਡੀਓਥੈਰੇਪੀ<br>• ਸਰਜਰੀ | • ਜੇ ਤੁਹਾਡੀ ਰੋਗ-ਪਛਾਣ ਕੈਂਸਰ ਦੇ ਨਾਲ ਕੀਤੀ ਗਈ ਹੈ – ਇੱਕ ਤਤਕਾਲ ਗਾਈਡ<br>• ਖਾਣ-ਪੀਣ ਸਬੰਧੀ ਸਮੱਸਿਆਵਾਂ ਅਤੇ ਕੈਂਸਰ<br>• ਜੀਵਨ ਦਾ ਅੰਤ<br>• ਵਿੱਤੀ ਸਹਾਇਤਾ - ਬੈਨਿਫਿਟਸ (ਫਾਇਦੇ)<br>• ਵਿੱਤੀ ਸਹਾਇਤਾ – ਖਰਚਿਆਂ ਵਿੱਚ ਮਦਦ<br>• ਸਿਹਤਮੰਦ ਭੋਜਨ<br>• ਥਕਾਵਟ (ਥਕੇਵਾਂ) ਅਤੇ ਕੈਂਸਰ<br>• ਕੈਂਸਰ ਦੇ ਇਲਾਜ ਦੇ ਮਾੜੇ ਪ੍ਰਭਾਵ<br>• ਤੁਸੀਂ ਆਪਣੀ ਖੁਦ ਦੀ ਮਦਦ ਕਰਨ ਲਈ ਕੀ ਕਰ ਸਕਦੇ ਹੋ |

ਇਸ ਜਾਣਕਾਰੀ ਨੂੰ ਦੇਖਣ ਲਈ, ਇਸ ਵੈਬਸਾਈਟ ਤੇ ਜਾਓ **macmillan.org.uk/translations**

### ਸਾਡੇ ਨਾਲ ਪੰਜਾਬੀ ਵਿੱਚ ਗੱਲ ਕਰੋ

ਤੁਸੀਂ ਮੈਕਮਿਲਨ (Macmillan) ਨੂੰ **0808 808 00 00** ਤੇ ਮੁਫ਼ਤ ਕਾਲ ਕਰ ਸਕਦੇ ਹੋ ਅਤੇ ਦੁਭਾਸ਼ੀਏ ਰਾਹੀਂ ਪੰਜਾਬੀ ਵਿੱਚ ਸਾਡੇ ਨਾਲ ਗੱਲ ਕਰ ਸਕਦੇ ਹੋ। ਤੁਸੀ ਆਪਣੀਆਂ ਚਿੰਤਾਵਾਂ ਅਤੇ ਡਾਕਟਰੀ ਸਵਾਲਾਂ ਬਾਰੇ ਸਾਡੇ ਨਾਲ ਗੱਲ ਕਰ ਸਕਦੇ ਹੋ। ਬਸ ਅੰਗ੍ਰੇਜ਼ੀ ਵਿੱਚ ਪੰਜਾਬੀ ਸ਼ਬਦ ਬੋਲੋ ਜਦੋਂ ਤੁਸੀਂ ਕਾਲ ਕਰੋ (ਬੋਲੋ “ਪੰਜਾਬੀ”)।

ਅਸੀਂ ਹਫ਼ਤੇ ਦੇ 7 ਦਿਨ, ਸਵੇਰੇ 8 ਵਜੇ ਤੋਂ ਰਾਤ 8 ਵਜੇ ਤਕ ਖੁੱਲ੍ਹੇ ਹਾਂ।

## ਹਵਾਲੇ ਅਤੇ ਧੰਨਵਾਦ

ਇਸ ਜਾਣਕਾਰੀ ਨੂੰ ਮੈਕਮਿਲਨ (Macmillan) ਕੈਂਸਰ ਸਹਾਇਤਾ ਦੀ ਕੈਂਸਰ ਜਾਣਕਾਰੀ ਵਿਕਾਸ ਦੀ ਟੀਮ ਦੁਆਰਾ ਲਿਖਿਆ ਅਤੇ ਸੰਸ਼ੋਧਿਤ ਕੀਤਾ ਗਿਆ ਹੈ। ਇਸਦਾ ਇੱਕ ਅਨੁਵਾਦ ਕੰਪਨੀ ਦੁਆਰਾ ਪੰਜਾਬੀ ਵਿੱਚ ਅਨੁਵਾਦ ਕੀਤਾ ਗਿਆ ਹੈ।

ਇਸ ਵਿੱਚ ਸ਼ਾਮਲ ਕੀਤੀ ਜਾਣਕਾਰੀ ਮੈਕਮਿਲਨ (Macmillan) ਦੀ ਪੁਸਤਿਕਾਵਾਂ **ਕੋਲਨ ਕੈਂਸਰ ਨੂੰ ਸਮਝਣਾ** ਅਤੇ **ਰੈਕਟਲ ਕੈਂਸਰ ਨੂੰ ਸਮਝਣਾ** ਉੱਤੇ ਆਧਾਰਿਤ ਹੈ। ਅਸੀਂ ਤੁਹਾਨੂੰ ਕਾਪੀਆਂ ਭੇਜ ਸਕਦੇ ਹਾਂ, ਪਰ ਪੂਰੀਆਂ ਪੁਸਤਿਕਾਵਾਂ ਸਿਰਫ ਅੰਗ੍ਰੇਜ਼ੀ ਵਿੱਚ ਹੀ ਉਪਲਬਧ ਹਨ।

ਇਸ ਜਾਣਕਾਰੀ ਦੀ ਸਮੀਖਿਆ ਸਬੰਧਤ ਮਾਹਰਾਂ ਦੁਆਰਾ ਕੀਤੀ ਗਈ ਹੈ ਅਤੇ ਇਸਨੂੰ ਸਾਡੇ ਚੀਫ ਮੈਡੀਕਲ ਐਡੀਟਰ (Chief Medical Editor), ਡਾ. ਟਿਮ ਇਵੇਸਨ (Dr Tim Iveson), ਕੰਸਲਟੈਂਟ ਮੈਡੀਕਲ ਓਨਕੋਲੋਜਿਸਟ (Consultant Medical Oncologist) ਅਤੇ ਮੈਕਮਿਲਨ ਚੀਫ ਮੈਡੀਕਲ ਐਡੀਟਰ (Macmillan Chief Medical Editor) ਦੁਆਰਾ ਪ੍ਰਮਾਣਿਤ ਕੀਤਾ ਗਿਆ ਹੈ।

ਕੈਂਸਰ ਤੋਂ ਪ੍ਰਭਾਵਿਤ ਉਨ੍ਹਾਂ ਲੋਕਾਂ ਦਾ ਵੀ ਧੰਨਵਾਦ ਜਿਨ੍ਹਾਂ ਨੇ ਇਸ ਜਾਣਕਾਰੀ ਦੀ ਸਮੀਖਿਆ ਕੀਤੀ।

ਸਾਡੀ ਸਾਰੀ ਜਾਣਕਾਰੀ, ਸਰਵਸਰੇਸ਼ਠ ਉਪਲਬਧ ਸਬੂਤ ਉੱਤੇ ਆਧਾਰਿਤ ਹੈ। ਸਾਡੇ ਦੁਆਰਾ ਵਰਤੇ ਜਾਂਦੇ ਸਰੋਤਾਂ ਬਾਰੇ ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ ਸਾਨੂੰ ਇੱਥੇ ਸੰਪਰਕ ਕਰੋ **cancerinformationteam@macmillan.org.uk**

MAC15136_Punjabi_E03

Trusted Information Creator

Patient Information Forum

ਵਿਸ਼ਾ-ਵਸਤੂ ਦੀ ਸਮੀਖਿਆ ਕੀਤੀ ਗਈ: ਸਿਤੰਬਰ 2020

ਅਗਲੀ ਯੋਜਨਾਬੱਧ ਸਮੀਖਿਆ: 2022

ਅਸੀਂ ਇਹ ਯਕੀਨੀ ਬਣਾਉਣ ਦੀ ਹਰ ਕੋਸ਼ਿਸ਼ ਕਰਦੇ ਹਾਂ ਕਿ ਸਾਡੇ ਵੱਲੋਂ ਪ੍ਰਦਾਨ ਕੀਤੀ ਜਾਣਕਾਰੀ ਬਿਲਕੁਲ ਦਰੁਸਤ ਹੋਵੇ ਪਰ ਚਿਕਿਤਸਕੀ ਖੋਜ ਦੀ ਲਗਾਤਾਰ ਬਦਲਣ-ਯੋਗ ਵਰਤਮਾਨ ਸਥਿਤੀ ਨੂੰ ਦਰਸਾਉਣ ਲਈ ਇਸ ਉੱਤੇ ਨਿਰਭਰ ਨਹੀਂ ਹੋਣਾ ਚਾਹੀਦਾ। ਜੇ ਤੁਸੀਂ ਆਪਣੀ ਸਿਹਤ ਨੂੰ ਲੈ ਕੇ ਚਿੰਤਤ ਹੋ, ਤਾਂ ਤੁਹਾਨੂੰ ਆਪਣੇ ਡਾਕਟਰ ਨਾਲ ਸਲਾਹ-ਮਸ਼ਵਰਾ ਕਰਨਾ ਚਾਹੀਦਾ ਹੈ। ਮੈਕਮਿਲਨ (Macmillan) ਇਸ ਜਾਣਕਾਰੀ ਜਾਂ ਤੀਜੀ-ਪਾਰਟੀ ਦੀ ਜਾਣਕਾਰੀ ਵਿੱਚ ਕਿਸੇ ਵੀ ਗਲਤੀ ਦੇ ਨਤੀਜੇ ਵਜੋਂ ਹੋਣ ਵਾਲੇ ਨੁਕਸਾਨ ਜਾਂ ਖਰਾਬੀ ਲਈ ਕਿਸੇ ਵੀ ਦੇਣਦਾਰੀ ਨੂੰ ਸਵੀਕਾਰ ਨਹੀਂ ਕਰ ਸਕਦੀ ਜਿਵੇਂ ਕਿ ਵੈਬਸਾਈਟਾਂ ਤੇ ਦਿੱਤੀ ਜਾਣਕਾਰੀ ਜਿਸ ਨਾਲ ਅਸੀਂ ਲਿੰਕ ਹੁੰਦੇ ਹਾਂ।

© ਮੈਕਮਿਲਨ ਕੈਂਸਰ ਸਪੋਰਟ (Macmillan Cancer Support) 2020। ਇੰਗਲੈਂਡ ਅਤੇ ਵੇਲਸ (261017),
ਸਕਾਟਲੈਂਡ (SC039907) ਅਤੇ ਆਈਲ ਆਫ ਮੈਨ (604) ਵਿੱਚ ਇੱਕ ਪੰਜੀਕ੍ਰਿਤ ਦਾਨੀ-ਸੰਸਥਾ।
ਪੰਜੀਕ੍ਰਿਤ ਦਫ਼ਤਰ 89 Albert Embankment,
London SE1 7UQ.

MAC15136_Punjabi_E03

ਸਾਨੂੰ ਉਮੀਦ ਹੈ ਕਿ ਤੁਹਾਨੂੰ ਇਹ ਜਾਣਕਾਰੀ ਮਦਦਗਾਰ ਲੱਗੀ ਹੋਏਗੀ। ਜੇ ਤੁਹਾਡੇ ਕੋਈ ਵੀ ਸਵਾਲ ਹਨ, ਤਾਂ ਅਸੀਂ ਟੈਲੀਫ਼ੋਨ ਰਾਹੀਂ ਤੁਹਾਨੂੰ ਤੁਹਾਡੀ ਭਾਸ਼ਾ ਵਿੱਚ ਜਾਣਕਾਰੀ ਅਤੇ ਮਦਦ ਪ੍ਰਦਾਨ ਕਰ ਸਕਦੇ ਹਾਂ। ਸਾਡੀਆਂ ਸੇਵਾਵਾਂ ਮੁਫ਼ਤ ਹਨ। ਬਸ ਸਾਨੂੰ **0808 808 00 00** (ਸੋਮਵਾਰ-ਸ਼ੁੱਕਰਵਾਰ, ਸਵੇਰੇ 9 ਵਜੇ ਤੋਂ ਸ਼ਾਮ 8 ਵਜੇ ਤਕ) ਤੇ ਕਾਲ ਕਰੋ ਅਤੇ ਆਪਣੀ ਪਸੰਦੀਦਾ ਭਾਸ਼ਾ ਲਈ ਅੰਗ੍ਰੇਜ਼ੀ ਵਿੱਚ ਕਹੋ।